ਦਫਤਰ ਕਿਰਤ ਕਮਿਖਨਰ, ਪੰਜਾਬ,
ਕਿਰਤ ਭਵਨ, ਮਾਡਲ ਵੈਲਫੇਅਰ ਸੈਂਟਰ, ਫੇਜ਼-10, ਐਸ.ਏ.ਐਸ. ਨਗਰ (ਮੁਹਾਲੀ)
(ਅੰਕੜਾ ਸਾਖਾ)

ਨੰਬਰ/ਸਟ/ 10279

ਮਿਤੀ : 11/10/2022

ਮਿਤੀ **01.03.2021, 01.09.2021, 01.03.2022** ਅਤੇ **01.09.2022** ਤੋ ਪੰਜਾਬ ਰਾਜ ਵਿੱਚ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਦੀ ਵਿਵਸਥਾ।

ਅਣ-ਸਿੱਖਿਅਤ ਕਾਮਿਆਂ ਅਤੇ ਕਾਮਿਆਂ ਦੀਆਂ ਹੋਰ ਸ਼੍ਰੇਣੀਆਂ ਲਈ ਅਧਿਸੂਚਨਾ ਨੰ: **S.O.22/C.A.11/1948/Ss.3 and 5/2015** ਮਿਤੀ 26.05.2015 ਰਾਹੀਂ ਅਨੁਸੂਚਿਤ ਰੋਜ਼ਗਾਰਾਂ ਦੇ ਸਬੰਧ ਵਿੱਚ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਨੂੰ ਲੇਬਰ ਬਿਊਰੋ, ਭਾਰਤ ਸਰਕਾਰ ਦੁਆਰਾ ਸੰਕਲਿਤ (ਸੈਂਟਰਲ ਸੀਰੀਜ 2001=100) ਉਪਭੋਗਤਾ ਮੁੱਲ ਸੂਚਕ ਅੰਕ ਨਾਲ ਜੋੜਿਆ ਗਿਆ ਹੈ। । ਉਪਰੋਕਤ ਸਰਕੂਲਰ ਦੇ ਮੱਦੇਨਜ਼ਰ, ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਅਗਸਤ, 2013 ਮਹੀਨੇ ਤੱਕ ਦੇ ਔਸਤ ਉਪਭੋਗਤਾ ਮੁੱਲ ਸੂਚਕ ਅੰਕ ਦੇ ਅਨੁਸਾਰ ਤੈਅ ਕੀਤੀਆਂ ਗਈਆਂ ਹਨ। ਮਹੀਨਾ ਅਗਸਤ, 2013 (ਬੇਸ ਇੰਡੈਕਸ) ਨੂੰ ਖਤਮ ਹੋਣ ਵਾਲੇ ਛੇ ਮਹੀਨਿਆਂ ਦਾ ਔਸਤ ਉਪਭੋਗਤਾ ਮੁੱਲ ਸੂਚਕ ਅੰਕ 227 ਹੈ। ਹੁਣ, ਉਦਯੋਗਿਕ ਕਾਮਿਆਂ ਲਈ ਉਪਭੋਗਤਾ ਮੁੱਲ ਸੂਚਕ ਅੰਕ ਦੀ ਇੱਕ ਨਵੀਂ ਸੀਰੀਜ (ਕੰਜਿਊਮਰ ਪ੍ਰਾਈਸ ਇੰਡੈਕਸ-ਇੰਡਸਟਰੀਅਲ ਵਰਕਰਜ਼) (ਬੇਸ 2016=100) ਲੇਬਰ ਬਿਊਰੋ ਦੁਆਰਾ ਪੱਤਰ ਨੰਬਰ 114/1/2013-CPI ਮਿਤੀ 3.11.2020 ਦੁਆਰਾ ਅਪਣਾਈ ਗਈ ਹੈ।

ਨਵੀਂ ਸੀਰੀਜ਼ ਕੰਜ਼ਿਊਮਰ ਪ੍ਰਾਈਜ਼ ਇੰਡੈਕਸ ਫਾਰ ਇੰਡਸਟਰੀਅਲ ਵਰਕਰਜ਼ (ਬੇਸ 2016=100) ਨੂੰ ਕੰਜ਼ਿਊਮਰ ਪ੍ਰਾਈਜ਼ ਇੰਡੈਕਸ ਫਾਰ ਇੰਡਸਟਰੀਅਲ ਵਰਕਰਜ਼ ਦੀ ਪੁਰਾਣੀ ਸੀਰੀਜ਼ (ਬੇਸ 2001=100) ਨਾਲ ਜੋੜਨ ਤੋਂ ਬਾਅਦ ਮਹੀਨਾ ਸਤੰਬਰ, 2020 ਤੋਂ ਫਰਵਰੀ, 2021 ਤੱਕ ਛੇ ਮਹੀਨਿਆਂ ਲਈ ਔਸਤ ਉਪਭੋਗਤਾ ਮੁੱਲ ਸੂਚਕ ਅੰਕ 341.52 ਹੈ। ਇਸ ਤਰ੍ਹਾਂ ਮਿਤੀ 01.03.2021 ਤੋਂ ਅਣ- ਸਿੱਖਿਅਤ ਕਾਮਿਆਂ ਲਈ ਘੱਟੋ-ਘੱਟ ਉਜਰਤਾਂ ਦੀਆਂ ਦਰਾਂ 9399.73/-ਰੁਪਏ ਹਨ। ਮਹੀਨਾ ਮਾਰਚ, 2021 ਤੋਂ ਅਗਸਤ 2021 ਤੱਕ ਛੇ ਮਹੀਨਿਆਂ ਲਈ ਔਸਤ ਉਪਭੋਗਤਾ ਮੁੱਲ ਸੂਚਕ ਅੰਕ 340.39 ਹੈ। ਇਸ ਤਰ੍ਹਾਂ ਮਿਤੀ 01.09.2021 ਤੋਂ ਅਣ- ਸਿੱਖਿਅਤ ਕਾਮਿਆਂ ਲਈ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਮਿਤੀ 01.03.2021 ਤੋਂ ਲਾਗੂ ਹੋਣ ਵਾਲੀਆਂ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਵਾਂਗ ਹੀ 9399.73/-ਰੁਪਏ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਮਹੀਨਾ ਸਤੰਬਰ, 2021 ਤੋਂ ਫਰਵਰੀ, 2022 ਤੱਕ ਛੇ ਮਹੀਨਿਆਂ ਲਈ ਔਸਤ ਉਪਭੋਗਤਾ ਮੁੱਲ ਸੂਚਕ ਅੰਕ 346.70 ਹੈ। ਇਸ ਤਰ੍ਹਾਂ ਮਿਤੀ 01.03.2022 ਤੋਂ ਅਣ-ਸਿਖਿਅਤ ਕਾਮਿਆਂ ਲਈ ਘੱਟੋ-ਘੱਟ ਉਜਰਤਾਂ ਦੀਆਂ ਦਰਾਂ 9542.18/-ਰੁਪਏ ਹਨ। ਮਹੀਨਾ ਮਾਰਚ, 2022 ਤੋਂ ਅਗਸਤ 2022 ਤੱਕ ਛੇ ਮਹੀਨਿਆਂ ਲਈ ਔਸਤ ਉਪਭੋਗਤਾ ਮੁੱਲ ਸੂਚਕ ਅੰਕ 359.97 ਹੈ। ਇਸ ਤਰ੍ਹਾਂ ਮਿਤੀ 01.09.2022 ਤੋਂ ਅਣ- ਸਿੱਖਿਅਤ ਕਾਮਿਆਂ ਲਈ ਘੱਟੋ-ਘੱਟ ਉਜਰਤਾਂ ਦੀਆਂ ਦਰਾਂ 9907.68/-ਰੁਪਏ ਹਨ। ਇਹਨਾਂ ਰੋਜ਼ਗਾਰਾਂ ਵਿੱਚ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਦਾ ਵੇਰਵਾ ਹੇਠ ਦਿੱਤੀ ਸਾਰਣੀ ਵਿੱਚ ਦਿੱਤਾ ਗਿਆ ਹੈ:-

ਸਾਰਣੀ ਨੰਬਰ 1

ਲੜੀ ਨੰ:	ਸ਼੍ਰੇਣੀਆਂ	1.9.2013 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2020 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.3.2021 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2021 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.3.2022 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2022 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)
1.	ਅਣ-ਸਿਖਿਅਤ (Un-skilled)	6247.75 240.64 30.08	9192.72 353.56 44.19	9399.73 361.52 45.19	9399.73 361.52 45.19	9542.18 367.00 45.87	9907.68 381.06 47.63
2.	ਅਰਧ-ਸਿਖਿਅਤ (Semi-skilled)	7027.75 270.64 33.88	9972.72 383.56 47.94	10179.73 391.52 48.94	10179.73 391.52 48.94	10322.18 397.00 49.62	10687.68 411.06 51.38
3.	ਸਿਖਿਅਤ (Skilled)	7924.75 305.14 38.18	10869.72 418.06 52.25	11076.73 426.02 53.25	11076.73 426.02 53.25	11219.18 431.50 53.93	11584.68 445.56 55.69
4.	ਉੱਚ-ਸਿਖਿਅਤ (Highly skilled)	8956.75 344.84 43.18	11901.72 457.75 57.21	12108.73 465.72 58.21	12108.73 465.72 58.21	12251.18 471.19 58.89	12616.68 485.25 60.65

ਸਾਰਣੀ ਨੰ: 2

ਸਟਾਫ ਸ਼੍ਰੇਣੀਆਂ ਏ ਤੋਂ ਡੀ ਦੀਆਂ ਘੱਟੋ-ਘੱਟ ਉਜਰਤਾਂ ਹੇਠਾਂ ਅਨੁਸਾਰ ਦਿੱਤੀਆਂ ਗਈਆਂ ਹਨ, ਜੋ ਕਿ ਪੰਜਾਬ ਸਰਕਾਰ, ਸਥਾਨਕ ਅਥਾਰਟੀ ਅਤੇ ਸਰਕਾਰ ਦੇ ਨਿਯੰਤਰਣ ਅਧੀਨ ਬੋਰਡਾਂ, ਕਾਰਪੋਰੇਸ਼ਨਾਂ ਜਾਂ ਕਿਸੇ ਵੀ ਏਜੰਸੀ (ਜਿਸ ਵੀ ਨਾਮ ਨਾਲ ਇਸ ਨੂੰ ਜਾਣਿਆ ਜਾਂਦਾ ਹੈ) ਦੇ ਅਧੀਨ ਅਨੁਸੂਚਿਤ ਰੋਜ਼ਗਾਰਾਂ ਦੇ ਵਿੱਚ ਆਊਟਸੋਰਸਿੰਗ ਰਾਹੀਂ, ਕੈਜੂਅਲੀ ਜਾਂ ਡੇਲੀ ਵੇਜ਼ਿਜ ਤੇ ਨਿਯੁਕਤ ਕੀਤੇ ਗਏ ਸਟਾਫ ਤੇ ਲਾਗੂ ਹੋਣਗੀਆਂ।

ਲੜੀ ਨੰ:	ਸ਼੍ਰੇਣੀਆਂ	1.9.2013 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2020 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.3.2021 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2021 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.3.2022 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)	1.9.2022 ਤੋਂ ਲਾਗੂ ਮਾਸਿਕ/ਰੋਜਾਨਾ/ ਪ੍ਰਤੀ ਘੰਟਾ (ਰੁਪਿਆਂ ਵਿੱਚ)
5.	ਸਟਾਫ ਕੈਟਾਗਰੀ-ਏ) (Staff Category – A)	11417.75 439.54 54.98	14362.72 552.41 69.05	14569.73 560.37 70.04	14569.73 560.37 70.04	14712.18 565.85 70.73	15077.68 579.91 72.48
6.	ਸਟਾਫ ਕੈਟਾਗਰੀ-ਬੀ) (Staff Category – B)	9747.75 375.34 46.98	12692.72 488.18 61.02	12899.73 496.14 62.01	12899.73 496.14 62.01	13042.18 501.62 62.70	13407.68 515.68 64.46
7.	ਸਟਾਫ ਕੈਟਾਗਰੀ-ਸੀ) (Staff Category–C)	8247.75 317.63 39.78	11192.72 430.48 53.81	11399.73 438.45 54.80	11399.73 438.45 54.80	11542.18 443.93 55.49	11907.68 457.98 57.24
8.	ਸਟਾਫ ਕੈਟਾਗਰੀ -ਡੀ) (Staff Category–D)	7047.75 271.44 33.98	9992.72 384.33 48.04	10199.73 392.29 49.03	10199.73 392.29 49.03	10342.18 397.77 49.72	10707.68 411.83 51.47

ਸਾਰਣੀ ਨੰਬਰ 3

ਖੇਤੀਬਾੜੀ ਰੋਜਗਾਰ ਵਿੱਚ ਅਟੈਚਡ ਲੇਬਰ ਦੀਆਂ ਉਜਰਤਾਂ (ਅਣ ਸਿੱਖਿਅਤ ਕਾਮੇ)

(ਸਲਾਨਾ ਖਾਣੇ ਸਮੇਤ ਜਾਂ ਬਰਾਬਰ ਦੇ ਅਨਾਜ ਦੇ ਸਮੇਤ)

(ਮਿਤੀ 15.11.2012 ਦੀ ਅਧਿਸੂਚਨਾ ਅਨੁਸਾਰ)

ਲੜੀ ਨੰ:	ਮਿਤੀ	ਉਜਰਤਾਂ ਸਲਾਨਾ (ਰੁਪਿਆਂ ਵਿੱਚ)
1	01.09.2013	46232.30
2	01.09.2020	63905.12
3	01.03.2021	65147.18
4	01.09.2021	65147.18
5	01.03.2022	66001.88
6	01.09.2022	68194.88

ਸਾਰਣੀ ਨੰਬਰ 4

ਹੋਰ ਖੇਤੀਬਾੜੀ ਮਜ਼ਦੂਰੀ ਰੋਜ਼ਾਨਾ ਅਧਾਰ ਤੇ (ਰੁਪਿਆਂ ਵਿੱਚ)

ਲੜੀ ਨੰ:	ਮਿਤੀ	ਖਾਣੇ ਸਮੇਤ (ਰੁਪਿਆਂ ਵਿੱਚ)	ਬਗੈਰ ਖਾਣੇ (ਰੁਪਿਆਂ ਵਿੱਚ)
1	01.09.2013	225.44	250.64
2	01.09.2020	331.68	368.76
3	01.03.2021	339.17	377.08
4	01.09.2021	339.17	377.08
5	01.03.2022	344.31	382.80
6	01.09.2022	357.50	397.46

ਸਾਰਣੀ ਨੰਬਰ 5

ਭੱਠੇ (ਪੀਸ ਰੇਟ) ਪ੍ਰਤੀ 1000 ਇੱਟਾਂ ਜਾਂ ਟਾਇਲਾਂ (ਰੁਪਿਆਂ ਵਿੱਚ)

ਲੜੀ ਨੰ:		1.9.2013	1.9.2020	1.3.2021	1.9.2021	1.3.2022	1.9.2022
1.	ਪਥੇਰਾ ਜਮਾਂਦਾਰੀ ਕਮਿਸ਼ਨ ਸਮੇਤ ਇੱਟਾਂ	515.02	757.74	774.84	774.84	786.59	816.71
	ਟਾਈਲਾਂ	573.12	843.23	862.25	862.25	875.32	908.85
2.	ਪਥੇਰਾ ਜਮਾਂਦਾਰੀ ਕਮਿਸ਼ਨ ਬਿਨ੍ਹਾਂ ਇੱਟਾਂ	484.92	713.46	729.56	729.56	740.61	768.98
	ਟਾਈਲਾਂ	545.72	802.91	821.03	821.03	833.47	865.40
3.	ਭਰਾਈ ਵਾਲਾ ਖੋਤਾ, ਖੱਚਰ, ਰੇੜੀ, ਠੇਲਾ (ਪਸੂ ਸ਼ਕਤੀ ਨਾਲ)	191.36	281.54	287.90	287.90	292.26	303.45
	ਟੈਂਪੂ, ਮੋਟਰ ਗੱਡੀ (ਮਕੈਨੀਕਲ ਪਾਵਰ ਨਾਲ)	166.46	244.91	250.43	250.43	254.23	263.97
	ਟਰੱਕ ਜਾਂ ਟਰਾਲੀ ਵਿੱਚ ਲਦਾਈ ਅਤੇ ਉਤਰਾਈ (ਪੱਕੀ ਇੱਟ)	142.06	209.01	213.72	213.72	216.96	225.27
4.	ਚਿਨਾਈ ਵਾਲਾ	38.46	56.58	57.86	57.86	58.73	60.98
5.	ਕੋਰੀ ਵਾਲਾ	32.36	47.61	48.68	48.68	49.42	51.31
6.	ਨਿਕਾਸੀ ਵਾਲਾ	122.69	180.51	184.58	184.58	187.38	194.56
7.	ਮਿਸਤਰੀ	95.39	140.34	143.51	143.51	145.68	151.26

ਨੋਟ 1. ਕਾਮਿਆਂ ਦੀਆਂ ਸਮੂਹ ਸ਼੍ਰੇਣੀਆਂ ਦੀਆਂ ਉਜ਼ਰਤਾਂ ਵਿੱਚ ਅਣਸਿੱਖਿਅਤ ਕਾਮੇ ਦੀਆਂ ਉਜ਼ਰਤਾਂ ਦੀ ਤਰ੍ਹਾ ਹੀ ਵਾਧਾ ਕੀਤਾ ਜਾਵੇ।

ਕਿਰਤ ਕਮਿਸ਼ਨਰ,ਪੰਜਾਬ।